# ਸ਼ਹੀਦ ਭਗਤ ਸਿੰਘ ਦੇ ਪਿੰਡ —
# ਨਾਰਲੀ - ਖਟਕੜ ਕਲਾਂ, 105 ਚੱਕ - ਬੰਗਾ ਲਾਇਲਪੁਰ, ਅਤੇ ਝੁਗੀਆਂ - ਖੁਆਸਰੀਆਂ, ਲਾਹੌਰ

ਮਲਵਿੰਦਰ ਜੀਤ ਸਿੰਘ ਵੜੈਚ*

ਭਗਤ ਸਿੰਘ ਦੇ ਵੱਡੇ-ਵੱਡੇਰੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਨਾਰਲੀ ਦੇ ਵਸਨੀਕ ਸਨ, ਜਿਨ੍ਹਾਂ ਵਿੱਚੋਂ ਇੱਕ ਨੌਜਵਾਨ ਮੁਗ਼ਲ ਕਾਲ ਦੌਰਾਨ, ਬੰਗੇ ਦੇ ਨੇੜਲੇ ਪਿੰਡ ਖੱਟਕੜ ਕਲਾਂ ਵਿੱਚ ਆ ਵੱਸਿਆ ਸੀ। ਨਾਰਲੀ ਪਿੰਡ ਦੇ ਜ਼ਿੰਮੀਦਾਰ ਸੰਧੂ-ਜੱਟ ਸਨ ਅਤੇ ਭਗਤ ਸਿੰਘ ਦੇ ਪਰਿਵਾਰ ਦੀ ਵੀ ਇਹੀ ਜਾਤ-ਗੋਤ ਸੀ। ਇਸ ਬਾਰੇ ਸ. ਅਜੀਤ ਸਿੰਘ ਨੇ ਆਪਣੀ ਆਤਮ ਕਥਾ 'ਚ ਵਿਸਥਾਰ ਨਾਲ ਚਰਚਾ ਕੀਤੀ ਹੋਈ ਹੈ, ਜੋ ਬੜੀ ਦਿਲਚਸਪ ਹੈ:—

ਜਿਸ ਉੱਦਮੀ ਵੱਡੇਰੇ ਨੇ ਇਥੇ ਟਿਕ ਜਾਣ ਦਾ ਮਨ ਬਣਾਇਆ ਸੀ, ਉਸ ਨੂੰ ਇੱਕ ਆਪਣੇ ਬਜ਼ੁਰਗ ਦੀਆਂ ਅਸਥੀਆਂ ਹਰਿਦੁਆਰ ਵਿਖੇ ਪ੍ਰਵਾਹ ਕਰਨ ਲਈ ਭੇਜਿਆ ਗਿਆ ਸੀ। ਸਾਰੀ ਯਾਤਰਾ ਪੈਦਲ ਹੀ ਕੀਤੀ ਜਾਣੀ ਸੀ, ਕਿਉਂਕਿ ਉਸ ਸਮੇਂ ਹੋਰ ਕੋਈ ਵਸੀਲਾ ਨਹੀਂ ਸੀ, ਜਿਸ ਵਿੱਚ ਕਈ ਹਫਤੇ ਲੱਗ ਜਾਇਆ ਕਰਦੇ ਸਨ। ਇਸ ਲਈ ਯਾਤਰੂ ਨੂੰ ਰਸਤੇ ਵਿੱਚ ਰਾਤ ਗੁਜ਼ਾਰਨ ਲਈ ਕਈ ਥਾਵਾਂ ਤੇ ਪੜਾਓ ਕਰਨੇ ਪੈਂਦੇ ਸਨ। ਰਾਤ ਨੂੰ ਰਹਿਣ ਲਈ ਮੇਜ਼ਬਾਨ ਦੀ ਤਲਾਸ਼ ਵੀ ਆਪ ਹੀ ਕਰਨੀ ਪੈਂਦੀ ਸੀ। ਇਸ ਮਕਸਦ ਲਈ ਅਕਸਰ ਕਿਸੇ ਰੱਜੇ-ਪੁੱਜੇ ਘਰ ਨੂੰ ਹੀ ਚੁਣਿਆ ਜਾਂਦਾ ਸੀ, ਜਿਹੜਾ ਅਜਿਹੇ ਯਾਤਰੂਆਂ ਦੀ ਟਹਿਲ-ਸੇਵਾ ਕਰਨ ਲਈ ਪ੍ਰਸਿੱਧ ਹੁੰਦਾ ਸੀ। ਅਜਿਹਾ ਠਿਕਾਣਾ ਭਾਲਦਿਆਂ ਜਦੋਂ ਇਹ ਨੌਜਵਾਨ ਖਟਕੜੀਂ ਅਪੜਿਆ ਤਾਂ ਪਿੰਡ ਵਾਸੀਆਂ ਨੇ ਉਸ ਨੂੰ ਇੱਕ ਸਰਦਾਰ ਦੀ ਕਿਲ੍ਹਾ-ਨੁਮਾ ਹਵੇਲੀ ਵੱਲ ਭੇਜ ਦਿੱਤਾ। ਸਰਦਾਰ ਉਸ ਦੇ ਸੁਚੱਜੇ ਵਿਹਾਰ ਤੋਂ ਬੜਾ ਹੀ ਪ੍ਰਭਾਵਿਤ ਹੋਇਆ। ਰਾਤ ਗੁਜ਼ਾਰ ਕੇ ਜਦੋਂ ਇਹ ਗਭਰੂ ਅਗਲੇਰੇ ਪੰਧ ਲਈ ਰਵਾਨਾ ਹੋਣ ਲੱਗਾ ਤਾਂ ਸਰਦਾਰ ਨੇ ਇਹ ਪਿਆਰੀ ਸ਼ਰਤ ਉਸ ਅੱਗੇ ਰੱਖ ਦਿੱਤੀ ਕਿ ਵਾਪਸੀ ਤੇ ਵੀ ਉਹ ਇਥੇ ਹੀ ਪੜਾਓ ਕਰੇਗਾ। ਵਿਚਲੀ ਗੱਲ ਇਹ ਸੀ ਕਿ ਇਸ ਪਰਿਵਾਰ ਦੀ ਇੱਕੋ-ਇੱਕ ਇਕਲੌਤੀ ਧੀ ਸੀ ਅਤੇ ਸਰਦਾਰ ਇੱਕ ਅਜਿਹੇ ਘਰ-ਜਵਾਈ ਦੀ ਤਲਾਸ਼ ਵਿੱਚ ਸੀ, ਜਿਹੜਾ ਉਸ ਦੀ ਜ਼ਮੀਨ-ਜਾਇਦਾਦ ਨੂੰ ਚੰਗੀ ਤਰ੍ਹਾਂ ਸੰਭਾਲ ਸਕੇ। ਭਾਵੇਂ ਪਰਾਹੁਣੇ ਨੂੰ ਸਪਸ਼ਟ ਤੌਰ ਤੇ ਕੁੱਝ ਨਹੀਂ ਸੀ ਕਿਹਾ ਗਿਆ, ਪਰ ਕੁੱਝ ਗੁਝੇ ਸੰਕੇਤ ਦੇ ਦਿੱਤੇ ਗਏ ਸਨ। ਇਨ੍ਹਾਂ ਸੰਕੇਤਾਂ ਦਾ ਪ੍ਰੇਰਿਆ ਉਹ ਗਭਰੂ, ਥੋੜ੍ਹੇ ਸਮੇਂ ਵਿੱਚ ਹੀ ਹਰਿਦੁਆਰ ਵਿਖੇ ਲੋੜੀਂਦੀ ਰਸਮ-ਰੀਤ ਪੂਰੀ ਕਰਕੇ ਆਸ ਨਾਲੋਂ ਪਹਿਲਾਂ ਹੀ ਵਾਪਸ ਪਰਤ ਆਇਆ, ਉਸ ਨੇ ਭਾਵੇਂ ਕਿੰਨੇ ਵੀ ਰਾਂਗਲੇ ਸੁਪਨੇ ਵੇਖੇ ਹੋਣ, ਪਰ ਉਸ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਉਸਦਾ ਵਿਆਹ ਇੱਕ ਨਵੇਂ ਇਤਿਹਾਸ ਦਾ ਮੁੱਢ ਬੱਨ੍ਹ ਦੇਗਾ। ਵਿਆਹ ਦੀ ਤਜਵੀਜ਼ ਦੁਵੱਲੇ ਵਾਅਦਿਆਂ ਵਾਲੀ ਸੀ। ਇਸ ਵਿਆਹ ਦੀ ਇਹ ਸ਼ਰਤ ਸੀ ਕਿ ਜਵਾਈ ਆਪਣੇ ਜੱਦੀ ਪਿੰਡ ਅਤੇ ਭਾਈਚਾਰੇ ਨੂੰ ਛੱਡ ਕੇ ਇਸ ਪਿੰਡ ਵਿੱਚ ਟਿਕ ਜਾਵੇਗਾ।



ਖਟਕੜ ਕਲਾਂ ਦੇ ਘਰ ਦਾ ਦ੍ਰਿਸ਼

* ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109, ਫੋਨ: 0172-2556314,
ਈਮੇਲ: mjswaraich29@gmail.com

ਬੇਸ਼ਕ ਉਹਦੇ ਲਈ ਇਹ ਇੱਕ ਮੁਸ਼ਕਿਲ ਫੈਸਲਾ ਹੋਣਾ ਸੀ ਕਿਉਂਕਿ ਸਾਡੇ ਸਮਾਜ ਵਿੱਚ ਘਰ-ਜਵਾਈ ਨੂੰ ਚੰਗੀ ਨਜ਼ਰ ਨਾਲ ਨਹੀਂ ਵੇਖਿਆ ਜਾਂਦਾ, ਪਰ ਬਣਨ ਵਾਲੇ ਸਹੁਰੇ ਨੇ ਇਹ ਕਹਿ ਕੇ ਉਸ ਦਾ ਸੰਸਾ ਦੂਰ ਕਰ ਦਿੱਤਾ ਕਿ ਵਿਆਹ ਮਗਰੋਂ ਉਹ ਹਵੇਲੀ ਅਤੇ ਜ਼ਮੀਨ-ਜਾਇਦਾਦ ਦਾ ਮਾਲਕ ਬਣ ਜਾਵੇਗਾ ਅਤੇ ਉਸ ਨੂੰ ਸਾਰਿਆਂ ਵੱਲੋਂ ਮਾਲਕ ਹੀ ਸਮਝਿਆ ਜਾਵੇਗਾ ਤੇ ਇਵੇਂ ਹੀ ਹੋਇਆ ਵੀ।

ਵਕਤ ਦੇ ਬੀਤਨ ਨਾਲ, ਕੁੱਝ ਨਵਾਂ ਕਰਨ ਦੀ ਤਾਂਘ ਤਹਿਤ ਭਗਤ ਸਿੰਘ ਦੇ ਦਾਦਾ ਸ. ਅਰਜਨ ਸਿੰਘ ਨੇ 1898 ਵਿੱਚ ਨਵੀਂ ਨਹਿਰੀ ਆਬਾਦੀ ਲਾਇਲਪੁਰ ਦੇ ਪਿਡ ਚੱਕ ਬੰਗਾ ਵਿੱਚ ਅੰਗ੍ਰੇਜ਼ੀ ਹਕੂਮਤ ਦੀ ਪੰਞੀ ਏਕੜ ਜ਼ਮੀਨ ਅਲਾਟ ਕਰਨ ਦੀ ਪੇਸ਼ਕਸ਼ ਪ੍ਰਵਾਨ ਕਰ ਲਈ ਸੀ। ਇਹ ਉਹ ਥਾਂ ਸੀ ਜਿਸ ਨੇ ਭਗਤ ਸਿੰਘ ਅਤੇ ਉਸਦੇ ਭੈਣਾਂ-ਭਰਾਵਾਂ ਦੀ ਜਨਮ-ਭੂਮੀ ਬਣਨਾ ਸੀ; ਇਥੇ ਹੀ ਉਨ੍ਹਾਂ ਦਾ ਜਨਮ ਹੋਇਆ ਅਤੇ ਇਥੇ ਹੀ ਉਨ੍ਹਾਂ ਨੇ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ।

ਇਸ ਇਲਾਕੇ ਦੀ ਕੰਵਾਰੀ ਧਰਤੇ ਬੜੀ ਉਪਜਾਊ ਸੀ, ਪਰ ਇਹ ਕਰੜੀ ਮਿਹਨਤ, ਸਿਰੜ ਅਤੇ ਸਿਦਕ ਦੀ ਮੰਗ ਵੀ ਕਰਦੀ ਸੀ। ਇਸ ਸਬੰਧ ਵਿੱਚ ਅਰਜਨ ਸਿੰਘ ਨੂੰ ਆਸ ਸੀ ਕਿ ਉਸ ਦੇ ਦੋਵੇਂ ਪੁੱਤਰ ਇਸ ਭੋਇੰ ਨੂੰ ਖੇਤੀਯੋਗ ਕਰਨ ਦਾ ਬੀੜਾ ਚੁੱਕਣਗੇ, ਪਰ ਅਜਿਹਾ ਕੁੱਝ ਨਾ ਵਾਪਰਿਆ, ਕਿਉਂਕਿ ਉਨ੍ਹਾਂ ਵਿੱਚ ਉਸ ਨੇ, ਜਿਹੜਾ ਉਨ੍ਹਾਂ ਦਾ ਪਿਤਾ ਹੋਣ ਦੇ ਨਾਲ-ਨਾਲ ਮਾਰਗ-ਦਰਸ਼ਕ ਵੀ ਸੀ, ਆਪ ਹੀ ਤਾਂ ਦੇਸ਼ ਭਗਤੀ ਦੀ ਚਿਣਗ ਪਾਈ ਸੀ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਦੋਵੇਂ ਪੁੱਤਰ ਆਪਣੇ ਸਮਾਜਿਕ ਅਤੇ ਰਾਜਨੀਤਿਕ ਰੁਝੇਵਿਆਂ ਕਾਰਨ ਖੇਤੀ ਦੇ ਕੰਮਾਂ-ਕਾਜਾਂ ਵੱਲ ਰੁਚਿਤ ਨਾ ਹੋਏ; ਸੋ ਬੁਢਾਪੇ ਵਿੱਚ ਚਿੰਤਾ-ਮੁੱਕਤ, ਸ਼ਾਂਤ ਜੀਵਨ ਗੁਜ਼ਾਰਨਾ ਅਰਜਨ ਸਿੰਘ ਦੇ ਭਾਗਾਂ ਵਿੱਚ ਨਹੀਂ ਸੀ, ਪਰ ਇਸ ਸਭ ਕੁਝ ਲਈ ਸਭ ਤੋਂ ਵੱਧ ਜ਼ਿਮੇਵਾਰ ਵੀ ਉਹ ਆਪ ਹੀ ਸੀ, 'ਆਪੂ ਫਾਥੜੀਏ ਤੈਨੂੰ ਕੌਣ ਛੁਡਾਏ!'

ਜਦੋਂ ਭਗਤ ਸਿੰਘ ਦੇ ਪਿਤਾ ਸ. ਕਿਸ਼ਨ ਸਿੰਘ ਕੋਲ ਚੋਖੇ ਪੈਸੇ ਹੋ ਗਏ ਤਾਂ ਉਸਨੇ 1917-18 'ਚ ਲਾਹੌਰ ਦੇ ਬਾਹਰਵਾਰ ਇੱਕ ਛੋਟੇ ਪਿੰਡ ਖਵਾਸਰੀਆਂ ਵਿੱਚ ਚੰਗੀ ਖੁਲ੍ਹੀ ਜ਼ਮੀਨ ਖਰੀਦ ਲਈ ਤੇ ਸਾਰਾ ਟੱਬਰ ਉੱਥੇ ਰਹਿਣ ਲੱਗ ਪਿਆ। ਭਗਤ ਸਿੰਘ ਨਾਲ ਸਬੰਧਤ ਸਰਕਾਰੀ ਅਤੇ ਅਦਾਲਤੀ ਦਸਤਾਵੇਜ਼ਾਂ ਵਿੱਚ ਇਸੇ ਰਿਹਾਇਸ਼ੀ ਪਤੇ ਦਾ ਜ਼ਿਕਰ ਆਉਂਦਾ ਹੈ। ਇਹ ਥਾਂ ਖੇਤੀ ਲਈ ਵਰਤੀ ਗਈ ਅਤੇ ਪਰਿਵਾਰ ਦੀ ਆਮਦਨ ਵਧਾਉਣ ਲਈ ਇਥੇ ਇੱਕ ਡੇਅਰੀ ਫਾਰਮ ਵੀ ਖੋਲ੍ਹਿਆ ਗਿਆ ਸੀ।

ਉਥੇ ਡੰਗਰਾਂ ਦੀ ਚੋਰੀ ਆਮ ਸੀ; ਮਰਦ ਅਕਸਰ ਘਰੋਂ ਬਾਹਰ ਹੀ ਰਹਿੰਦੇ ਸੀ, ਇਸ ਲਈ ਮਾਤਾ ਜੀ ਆਪਣੇ ਨਾਲ ਹੋਰ ਜ਼ਨਾਨੀਆਂ ਲੈਕੇ ਰਾਤੀ ਪਹਿਰਾ ਦੇਂਦੇ ਹੁੰਦੇ ਸੀ — ਇਸ ਦੌਰਾਨ, ਇੱਕ ਵਾਰੀ ਉਹਨਾਂ ਨੇ ਇੱਕ ਚੋਰ ਨੂੰ ਮੌਕੇ ਤੇ ਕਾਬੂ ਕਰਕੇ ਪੁਲਿਸ ਦੇ ਹਵਾਲੇ ਕੀਤਾ; ਤਿੰਨ ਵਾਰੀ ਉਨ੍ਹਾਂ ਨੂੰ ਸੱਪ ਨੇ ਵਢਿਆ ਸੀ। ਤਗੜੇ ਐਨੇ ਸੀ ਇਕਲੇ ਕੁਇਟਲ ਦੀ ਬੋਰੀ ਚੁੱਕ ਲੈਂਦੇ ਸੀ।

ਲੇਖਕ ਨੇ ਆਪਣੇ ਅਜ਼ੀਜ਼ ਸੀਤਾ ਰਾਮ ਬਾਂਸਲ ਰਾਹੀਂ ਪਿੰਡ ਖੁਆਸਰੀਆਂ, (ਜੋ ਸਾਰੇ ਦਾ ਸਾਰਾ ਲੁਬਾਨਾ ਬਰਾਦਰੀ ਦੇ ਜ਼ਿਮੀਂਦਾਰਾਂ ਦਾ ਸੀ) ਤੋਂ ਉਜੜ ਕੇ ਇਧਰ ਆਏ ਕੁੱਝ ਪਰਿਵਾਰਾਂ ਦੀ ਨਿਸ਼ਾਨਦੇਹੀ ਕੀਤੀ, ਪਿੰਡ ਲੰਮੇ, 'ਵਾਇਆ' ਭੋਗਪੁਰ, ਜਲੰਧਰ ਵਿਖੇ ਜਿੱਥੇ ਅਸੀਂ ਵੀਡੀਓ ਰਿਕਾਰਡਿੰਗ ਟੀਮ ਸਮੇਤ 7 ਮਈ 2011 ਨੂੰ ਗਏ ਸਾਂ, ਉਥੇ ਸਾਨੂੰ ਇੱਕ ਬਜ਼ੁਰਗ ਸਾਬਕਾ ਫੌਜੀ ਸੂਬੇਦਾਰ ਸਰਦਾਰਾ ਸਿੰਘ ਹੋਰਾਂ ਤੋਂ ਬੜੀ ਨਿਵੇਕਲੀ ਜਾਣਕਾਰੀ ਮਿਲੀ ਜੋ ਸ਼ਾਇਦ ਕਿਸੇ ਵੀ ਸਰਕਾਰੀ ਰਿਕਾਰਡ ਵਿੱਚ ਉਪਲਬਦ ਨਹੀਂ ਹੋਵੇਗੀ।

ਸਾਨੂੰ ਦੱਸਿਆ ਗਿਆ ਕਿ ਜਿਹੜੀ ਜ਼ਮੀਨ ਸ. ਕਿਸ਼ਨ ਸਿੰਘ ਨੇ ਖਰੀਦੀ ਸੀ, ਤੇ ਜੀਹਦੇ ਤੇ ਉਹਨਾਂ ਦਾ ਰਿਹਾਇਸ਼ੀ ਮਕਾਨ ਸੀ ਉਹ ਵੈਸੇ ਤਾਂ ਪਿੰਡ ਖੁਆਸਰੀਆਂ ਦੇ ਬਿਲਕੁਲ ਨਾਲ ਸੀ ਅਤੇ ਉਹਨਾਂ ਦੇ ਮਕਾਨ ਤੇ ਪਿੰਡ ਵਿੱਚ ਉਹਨਾਂ ਦੇ ਮਕਾਨ ਤੇ ਪਿੰਡ ਵਿੱਚ ਕੋਈ ਵਿਥ ਨਹੀਂ ਸੀ, ਪਰ ਜਿਹੜੀ ਜ਼ਮੀਨ ਉਹਨਾਂ ਨੇ ਖਰੀਦੀ ਹੋਈ ਸੀ ਉਹ ਨਾਲ ਦੇ ਇੱਕ ਮੁਸਲਮਾਨ ਜ਼ਿਮੀਂਦਾਰਾਂ ਦੇ ਪਿੰਡ ਚਮਰੂਪੁਰ ਦੀ ਸੀ। ਜ਼ਿਕਰਯੋਗ ਹੈ ਕਿ ਸ਼ਹੀਦ ਭਗਤ ਸਿੰਘ ਦੇ ਅਦਾਲਤੀ ਰਿਕਾਰਡ ਵਿੱਚ ਉਹਨਾਂ ਦੇ ਪਿੰਡ ਵਾਲੇ ਮਕਾਨ ਦੀ ਤਲਾਸ਼ੀ ਦਾ ਗਵਾਹ (ਸਰਕਾਰੀ ਗਵਾਹ ਨੰ. 401) ਵੀ ਪਿੰਡ ਚਮਰੂਪੁਰ ਦਾ ਦਿਲ ਮੁਹੱਮਦ ਨੰਬਰਦਾਰ ਸੀ।

ਏਥੇ ਪਹੁੰਚਣ ਲਈ ਡੀ.ਏ.ਵੀ. ਕਾਲੇਜ ਤੋਂ ਛੋਟੀ ਸੜਕੇ ਪਿੰਡ ਸਾਂਡਾ (ਜੋ ਅਜੇ ਵੀ ਮੌਜੂਦ ਹੈ) ਵੱਲ ਨੂੰ ਜਾਕੇ ਫਿਰ ਸਜੇ ਹੱਥ ਦਰਿਆ ਦੇ ਨਾਲ ਦੀ ਰਸਤਾ ਖੁਆਸਰੀਆਂ ਵੱਲ ਨੂੰ ਜਾਂਦਾ ਸੀ, ਜੋ ਉਥੋਂ ਛੇ ਕਿਲੋਮੀਟਰ ਦੀ ਵਾਟ ਤੇ ਸੀ।

ਸਾਨੂੰ ਇਹ ਵੀ ਦੱਸਿਆ ਗਿਆ ਕਿ ਪਿੰਡ ਖੁਆਸਰੀਆਂ ਵਿੱਚ ਕਿਤੋਂ ਬਾਹਰੋ ਆਕੇ ਵੱਸਿਆ ਇੱਕ ਪੁਲਿਸ ਦਾ ਟਾਊਟ-ਬਦਮਾਸ਼ ਸੀ ਜੋ ਅਕਸਰ ਸ਼ਹੀਦ ਦੇ ਪਰਿਵਾਰ ਨੂੰ ਹਰ ਜਾਇਜ਼-ਨਾਜਾਇਜ਼ ਢੰਗ ਨਾਲ ਪਰੇਸ਼ਾਨ ਕਰੀ ਰੱਖਦਾ ਸੀ।

ਜ਼ਿਕਰਯੋਗ ਹੈ ਕਿ ਸ਼ਹੀਦ ਦੇ ਮਾਤਾ ਜੀ ਸ਼੍ਰੀਮਤੀ ਵਿਦਿਆਵਤੀ ਦੇ ਇੱਕ ਇੰਟਰਵਿਊ (ਜੀਹਦੀ ਰਿਕਾਰਡਿੰਗ ਲੇਖਕ ਕੋਲ ਹੈ) ਵਿੱਚ ਉਹਨਾਂ ਉਚੇਚੇ ਤੌਰ 'ਤੇ ਜ਼ਿਕਰ ਕੀਤੈ ਕਿ "ਬੇਬੇ ਜੀ ਮੇਰੀ ਫਾਂਸੀ ਪਿਛੋਂ ਤੁਸੀਂ ਬੰਗੇ ਚਲੇ ਜਾਇਉ, ਤੁਹਾਨੂੰ ਇਥੇ ਕਿਸੇ ਨੇ ਨਹੀਂ ਵਸਣ ਦੇਣਾ।"

ਪਿੱਛੋਂ ਇਹ ਜ਼ਮੀਨ ਸ. ਕਿਸ਼ਨ ਸਿੰਘ ਨੇ 1947 ਵੇਲੇ ਦੇ ਬਦਲਦੇ ਹਾਲਾਤ ਵਿੱਚ ਉਸ ਸਾਲ ਦੇ ਸ਼ੁਰੂ ਵਿੱਚ ਹੀ ਕਿਸੇ ਮੁਸਲਮਾਨ ਨੂੰ ਵੇਚ ਦਿੱਤੀ ਸੀ।

ਭਗਤ ਸਿੰਘ ਬਾਰੇ ਸਾਰੀਆਂ ਸਰਕਾਰੀ ਦਸਤਾਵੇਜ਼ਾਂ ਵਿੱਚ ਉਹਦਾ ਪਿੰਡ ਖੁਆਸਰੀਆਂ ਲਾਹੌਰ ਹੀ ਦਰਜ ਹੈ।